بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 18.11.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅਲਲੱਾਹ ਤਆਲਾ ਦੀ ਮਿਹਰ ਨਾਲ ਕੈਨੇਡਾ ਦੀ ਜਮਾਤ ਵੀ ਦੁਨੀਆ ਦੀਆਂ ਅਨੇਕਾਂ ਹੋਰਨਾ ਜਮਾਤਾਂ ਵਾਂਗ ਈਮਾਨਦਾਰੀ ਤੇ ਵਫ਼ਾਦਾਰੀ ਵਿੱਚ ਅੱਗੇ ਕਦਮ ਵਧਾਉਣ ਵਾਲੀਆਂ ਜਮਾਤਾਂ ਵਿੱਚ ਹੈ । ਪਹਿਲਾਂ ਜਤਨ ਹੁੰਦਾ ਸੀ ਕਿ ਪ੍ਰੈਸ ਵਿੱਚ ਸਾਡੀ ਕੋਈ ਖ਼ਬਰ ਆ ਜਾਵੇ ਕੋਈ ਵਰਨਣ ਹੋ ਜਾਵੇ ਤਾਂ ਜੋ ਜਮਾਤ ਦਾ ਪਰੀਚੈ ਹੋਵੇ ਇਸਲਾਮ ਦਾ ਪਰੀਚੈ ਵੀ ਹੋਵੇ ਪਰ ਪ੍ਰੈਸ ਤੇ ਮੀਡੀਆ ਬਹੁਤ ਨਖ਼ਰੇ ਕੀਤਾ ਕਰਦਾ ਸੀ ।**

**ਹੁਣ ਇਹ ਅਵਸਥਾ ਹੈ ਕਿ ਮੀਡੀਆ ਵਾਲੇ ਪਿੱਛੇ ਪਏ ਫਿਰਦੇ ਸਨ ਕਿ ਸਾਨੂੰ ਸਮਾਂ ਦਿਓ ਅਸੀਂ ਇਮਾਮ ਜਮਾਤ ਅਹਮਦੀਆ ਦਾ ਇੰਟਰਵਿਊ ਲੈਣਾ ਹੈ ਉਹਨਾਂ ਨਾਲ ਗੱਲ ਕਰਨੀ ਹੈ ।**

## ਕੈਨੇਡਾ ਦੇ ਬਰਕਤਾਂ ਭਰਪੂਰ ਸਫ਼ਰ ਦੇ ਰੁਝੇਵਿਆਂ ਦਾ ਈਮਾਨ ਵਰਧਕ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਨਵੰਬਰ 2016 ਈ. ਨੂੰ ਮਸਜਿਦ ਫ਼ਜ਼ਲ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਿਵੇਂ ਕਿ ਸਾਰੇ ਜਾਣਦੇ ਹਨ ਬੀਤੇ ਦਿਨੀਂ ਮੈਂ ਕੈਨੇਡਾ ਦੇ ਦੌਰੇ ਉਪੱਰ ਸੀ ਲਗਭਗ ਛੇਹਾਂ ਹਫ਼ਤਿਆਂ ਦਾ ਪ੍ਰੋਗਰਾਮ ਸੀ । ਰੱਬ ਦੀ ਮਿਹਰ ਨਾਲ ਹਰ ਪੱਖੋਂ ਇਹ ਦੌਰਾ ਬਰਕਤਾਂ ਭਰਪੂਰ ਰਿਹਾ । ਜਮਾਤੀ ਪ੍ਰੋਗਰਾਮ ਦੇ ਪੱਖੋਂ ਵੀ ਅਤੇ ਦੂਜਿਆਂ ਨਾਲ ਮਿੱਥੇ ਪ੍ਰੋਗਰਾਮਾ ਪੱਖੋਂ ਵੀ । ਕੈਨੇਡਾ ਦੇ ਜਲਸਾ ਸਾਲਾਨਾ ਦੇ ਬਾਦ ਓਥੋਂ ਦੇ ਜਲਸੇ ਬਾਰੇ ਲੋਕਾਂ ਦੇ ਅਨੁਭਵ ਤੇ ਪ੍ਰਭਾਵ ਅਤੇ ਪ੍ਰਬੰਧਕੀ ਗੱਲਾਂ ਅਤੇ ਰੱਬ ਦੀਆਂ ਮਿਹਰਾਂ'ਤੇ ਸ਼ੁਕਰਾਨੇ ਦਾ ਵਰਨਣ ਤਾਂ ਮੈਂ ਓਥੇ ਹੀ ਅਗਲੇ ਜੁਮਏ ਵਿੱਚ ਕਰ ਦਿੱਤਾ ਸੀ, ਜਲਸੇ ਤੋਂ ਅਗਲੇ ਖ਼ੁਤਬੇ ਵਿੱਚ । ਅੱਜ ਜੋ ਬਾਕੀ ਦੀਆਂ ਮਸਰੂਫ਼ੀਯਤ ਅਤੇ ਪ੍ਰੋਗਰਾਮ ਰਹੇ ਉਹਨਾਂ ਦਾ ਕੁਝ ਵਰਨਣ ਕਰਾਂਗਾ ।

ਰੱਬ ਦੀ ਮਿਹਰ ਨਾਲ ਕੈਨੇਡਾ ਦੀ ਜਮਾਤ ਵੀ ਦੁਨੀਆ ਦੀਆਂ ਅਨੇਕਾਂ ਦੂਜੀਆਂ ਜਮਾਤਾਂ ਵਾਂਗ ਈਮਾਨਦਾਰੀ ਤੇ ਵਫ਼ਾਦਾਰੀ ਵਿੱਚ ਅੱਗੇ ਕਦਮ ਵਧਾਉਣ ਵਾਲੀ ਜਮਾਤਾਂ ਵਿੱਚੋਂ ਹੈ । ਵਿਸ਼ੇਸ਼ ਰੂਪ ਵਿੱਚ ਪ੍ਰੈਸ ਤੇ ਮੀਡੀਆ ਦੇ ਪੱਖੋਂ ਨੌਜੁਆਨਾ ਨੇ ਬਹੁਤ ਕੰਮ ਕੀਤਾ ਹੈ । ਵੱਡੇ ਪਧੱਰ'ਤੇ ਪਰੀਚੈ ਦਾ ਜਤਨ ਕੀਤਾ ਹੈ ਅਤੇ ਰੱਬ ਨੇ ਉਹਨਾਂ ਦੇ ਜਤਨਾਂ ਨੂੰ ਫਲ ਵੀ ਲਾਇਆ । ਇਹ ਖ਼ਾਲਸ ਰੱਬ ਦੀ ਮਿਹਰ ਹੋਈ ਹੈ । ਇਹਨਾਂ ਲੋਕਾਂ ਨੇ ਤਾਂ ਉਂਗਲ ਲਾਈ ਸੀ, ਰੱਬ ਨੇ ਇਸ ਵਿੱਚ ਅਥਾਹ ਬਰਕਤ ਪਾ ਦਿੱਤੀ ਸਗੋਂ ਇਹ ਲੜਕੇ ਇਹ ਕੰਮ ਕਰਨ ਵਾਲੇ ਆਪ ਸਵੀਕਾਰ ਕਰਦੇ ਹਨ ਕਿ ਸਾਡੀਆਂ ਆਸ਼ਾਵਾਂ ਤੋਂ ਕਿਤੇ ਵੱਧ ਸਾਨੂੰ ਰਿਸਪਾਂਸ ਮਿਲਿਆ ਹੈ ।

ਰੱਬ ਦੀ ਮਿਹਰ ਨਾਲ ਓਥੇ ਤਿੰਨ ਮਸਜਿਦਾਂ ਨਵੀਆਂ ਬਣਾਈਆਂ ਗਈਆਂ ਹਨ ਪਰ ਦੋ ਦਾ ਅਜਿਹਾ ਫ਼ੰਗਸ਼ਨ ਸੀ ਜਿਸ ਵਿੱਚ ਗ਼ੈਰਾਂ ਨੂੰ ਵੀ ਬੁਲਾਇਆ ਗਿਆ ਸੀ । ਪਾਰਲੀਮੈਂਟ ਵਿੱਚ ਵੀ ਇਕ ਫ਼ੰਗਸ਼ਨ ਹੋਇਆ । ਯੌਰਕ (YORK) ਯੂਨੀਵਰਸਿਟੀ ਵਿੱਚ ਵੀ ਐਡਰਸ ਕੀਤਾ । ਟੋਰੰਟੋ ਵਿੱਚ ਪੀਸ ਸਿੰਪੋਜ਼ੀਯਮ ਹੋਇਆ । ਕੈਲਗਿਰੀ ਵਿੱਚ ਪੀਸ ਸਿੰਪੋਜ਼ੀਯਮ ਹੋਇਆ ਜਿਸ ਵਿੱਚ

ਦੂਜਿਆਂ ਸਾਹਮਣੇ ਇਸਲਾਮੀ ਸਿੱਖਿਆ ਰਖੱਣ ਦਾ ਸੁਅਵਸਰ ਪ੍ਰਾਪਤ ਹੋਇਆ । ਰੱਬ ਦੀ ਮਿਹਰ ਨਾਲ ਹਰ ਥਾਂ ਲੋਕਾਂ ਨੇ ਇਸਲਾਮੀ ਸਿੱਖਿਆ ਦੀ ਸੁੰਦਰਤਾ ਨੂੰ ਮਾਨਤਾ ਦਿੱਤੀ । ਪਹਿਲਾਂ ਮੈਂ ਸੰਖੇਪ ਵਿੱਚ ਟੋਰੌਂਟੋ ਵਿੱਚ ਮੀਡੀਆ ਕਵਰੈਜ ਦਾ ਵਰਨਣ ਕਰ ਦਿੰਦਾ ਹਾਂ । ਟੋਰੌਂਟੋ ਵਿੱਚ ਤਿੰਨ ਇੰਟਰਵੀਊਜ਼ ਹੋਏ, ਜਿੰਨ੍ਹਾ ਵਿੱਚੋਂ ਇਕ ਗਲੋਬਲ ਨੀਊਜ਼ ਟੋਰੌਂਟੋ ਦਾ ਸੀ । ਇਹ ਇੰਟਰਵੀਊ ਪ੍ਰਸਾਰਤ ਕੀਤਾ ਗਿਆ ਅਤੇ ਲਗਭਗ ਤਿੰਨ ਲੱਖ ਲੋਕਾਂ ਨੇ ਦੇਖਿਆ । ਇਸੇ ਪ੍ਰਕਾਰ ਦੂਜਾ ਇੰਟਰਵੀਊ ਸੀ.ਬੀ.ਸੀ. ਦਾ ਸੀ, ਜੋ ਉਹਨਾਂ ਦਾ ਨੈਸ਼ਨਲ ਨੀਊਜ਼ ਚੈਨਲ ਹੈ । ਲਗਭਗ ਅੱਧੇ ਘੰਟੇ ਦਾ ਇਹ ਪ੍ਰੋਗਰਾਮ ਨੈਸ਼ਨਲ ਟੀਵੀ ਉਪੱਰ ਦਿਖਾਇਆ ਗਿਆ । ਇਸ ਨਾਲ ਦੱਸ ਮਿਲੀਯਨ ਕੈਨੇਡੀਅਨ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਇਸੇ ਪ੍ਰਕਾਰ ਗਲੋਬ ਐਂਡ ਮੇਲ ਇਕ ਨੈਸ਼ਨਲ ਅਖ਼ਬਾਰ ਹੈ ਜਿਸ ਵਿਚ ਬਹੁਤ ਵਿਸਥਾਰ ਨਾਲ ਖ਼ਬਰਾਂ ਪ੍ਰਕਾਸ਼ਤ ਹੋਈਆਂ ਅਤੇ ਯੂ ਟਿਯੂਬ ਚੈਨਲ ਉਪੱਰ ਵੀ ਆਇਆ ਇਸ ਰਾਹੀਂ ਵੀ ਇਕ ਮਿਲੀਯਨ ਲੋਕਾਂ ਤੱਕ ਖ਼ਬਰ ਪਹੁੰਚੀ ।

ਹਜ਼ੂਰ ਨੇ ਫ਼ਰਮਾਇਆ : ਹੁਣ ਮੈਂ ਅਗਲੇ ਪ੍ਰੋਗਰਾਮ ਦਾ ਵਰਨਣ ਕਰਦਾ ਹਾਂ ਜੋ ਜਲਸੇ ਦੇ ਬਾਦ ਪਹਿਲਾ ਪ੍ਰੋਗਰਾਮ ਹੋਇਆ ਆਟੋਵਾ ਵਿੱਚ ਜੋ ਉਹਨਾਂ ਦਾ ਕੈਪੀਟਲ ਹੈ ਓਥੇ ਪਾਰਲੀਮੈਂਟ ਵਿੱਚ । ਓਥੇ ਸਾਰਾ ਦਿਨ ਵੱਖ ਵੱਖ ਪ੍ਰੋਗਰਾਮ ਹੁੰਦੇ ਰਹੇ, ਬਹੁਤ ਰੁਝੇਵਿਆਂ ਵਿੱਚ ਲੋਕਾਂ ਨਾਲ ਮਿਲਣਾ ਜੁਲਣਾ ਵੀ ਰਿਹਾ । ਪ੍ਰਧਾਨ ਮੰਤਰੀ ਨਾਲ ਵੱਖਰੀ ਮੁਲਾਕਾਤ ਵੀ ਹੋਈ, ਫਿਰ ਉਹਨਾਂ ਦੇ ਕੁਝ ਮੰਤਰੀਆਂ ਨਾਲ ਬਹੁਤ ਹੀ ਚੰਗੇ ਵਾਤਾਵਰਨ ਵਿੱਚ ਬਹਿਕੇ ਗਲਾਬਾਤ ਹੋਈ ਅਤੇ ਉਹਨਾਂ ਦਾ ਜੋ ਜਮਾਤ ਨਾਲ ਹਮੇਸ਼ਾ ਸਹਿਯੋਗ ਰਿਹਾ ਹੈ ਉਸ ਦਾ ਵੀ ਧੰਨਵਾਦ ਕੀਤਾ ।

ਫਿਰ ਓਥੇ ਜੋ ਪਾਰਲੀਮੈਂਟ ਹਾਊਸ ਦੇ ਇਕ ਹਾਲ ਵਿੱਚ ਸਮਾਰੋਹ ਆਯੋਜਤ ਸੀ, ਓਥੇ ਕੈਨੇਡੀਯਨ ਸਰਕਾਰ ਦੇ ਛੇ ਮੰਤਰੀ, ਸਤਵੰਜਾ (57) ਮੈਂਬਰ ਪਾਰਲੀਮੈਂਟ, ਗਿਆਰ੍ਹਾਂ (11) ਵੱਖ ਵੱਖ ਦੇਸ਼ਾਂ ਦੇ ਐਂਬੈਸਡਰਜ਼, ਅਤੇ ਅਮਰੀਕਾ ਦੀ ਐਂਬੈਸੀ ਦੇ ਫ਼ਰਸਟ ਸੈਕ੍ਰੇਟਰੀ ਅਤੇ ਲੀਬੀਯਾ ਦੀ ਐਂਬੈਸੀ ਦੇ ਨੁਮਾਇੰਦੇ ਸ਼ਾਮਲ ਸਨ । ਓਂਟਾਰੀਯੋ ਸੂਬੇ ਦੇ ਮੰਤਰੀ ਵੀ ਮੌਜੂਦ ਸਨ । ਤੀਹ ਤੋਂ ਵੱਧ ਵੀਆਈਪੀਜ਼ ਪ੍ਰੋਗਰਾਮ ਵਿੱਚ ਸ਼ਾਮਲ ਹੋਏ, ਜਿਸ ਵਿੱਚ ਚੀਫ਼ ਆਫ਼ ਸਟਾਫ਼ ਅਤੇ ਮਨਿਸਟਰਜ਼ ਸ਼ਾਮਲ ਸਨ । ਫਿਰ evangelical fellowship ਦੇ ਡਾਇਰੈਕਟਰ ਸਨ ਕੈਨੇਡੀਯਨ ਰੈਡ ਕਰਾਸ ਦੇ ਚੀਫ਼ ਕੰਮਿਯੂਨਿਕੇਸ਼ਨ ਆਫ਼ੀਸਰ ਸਾਮਲ ਸਨ । ਆਰ.ਸੀ.ਐਮ.ਪੀ. ਦੇ ਅਸਿਸਟੈਂਟ ਕਮਿਸ਼ਨਰਜ਼ ਸ਼ਾਮਲ ਸਨ । ਯੂਵਿਰਸਿਟੀ ਆਫ਼ ਆਟਵਾ ਅਤੇ ਕਾਰਲਟਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਾਮਲ ਸਨ । ਕੁਝ ਡੀਨ (dean) ਅਤੇ ਵਾਇਸ ਪ੍ਰੈਜ਼ੀਡੈਂਟ ਵੀ ਸਨ । ਕੈਨੇਡਯਨ ਕੌਂਸਲ ਫ਼ਾਰ ਮੁਸਲਿਮ ਦੇ ਡਾਇਰੈਕਟਰ ਸ਼ਾਮਲ ਸਨ । ਯੂ.ਐਸ. ਗੌਰਮੈਂਟ ਦੇ ਨੁਮਾਇੰਦੇ ਅਤੇ ਕਈ think tank ਦੇ ਮੈਂਬਰ ਸ਼ਾਮਲ ਸਨ । ਭਾਵ ਓਥੋਂ ਦੇ ਲੋਕਾਂ ਦੀ ਜੋ ਆਪਣੇ ਆਪ ਨੂੰ ਦੁਨੀਆ ਦੇ ਮਾਮਲੇ ਚਲਾਉਣ ਵਾਲਾ ਸਮਝੇ ਹਨ ਇਕ ਚੰਗੀ ਗੈਦਰਿੰਗ (gathering) ਸੀ । ਓਥੇ ਇਸਲਾਮ ਦੀ ਸਿੱਖਿਆ ਵਰਨਣ ਕਰਨ ਦਾ ਮੌਕਾ ਮਿਲਿਆ ਅਤੇ ਇਸੇ ਪ੍ਰਕਾਰ ਜੋ ਉਹਨਾਂ ਦਾ ਕਿਰਦਾਰ ਰਿਹਾ ਹੈ ਅਤੇ ਦੁਵੱਲੀ (ਦੋ ਕਰਮ) ਅਮਲ ਦਿਖਾਉਂਦੇ ਹਨ ਇਹ ਲੋਕ, ਉਸ ਨੂੰ ਵੀ ਸਪਸ਼ਟ ਕੀਤਾ ਕਿ ਕੇਵਲ ਮੁਸਲਮਾਨਾ ਉਪੱਰ ਦੋਸ਼ ਨ ਮੜ੍ਹੋ ਸਗੋਂ ਤੁਹਾਡੇ ਆਪਣੇ ਜੋ ਕਰਮ ਹਨ ਉਹਨਾਂ ਵੱਲ ਵੀ ਦੇਖੋ ਅਤੇ ਤੁਹਾਡੇ ਕਰਕੇ ਕਈ ਵਾਰ ਦੁਨੀਆ ਵਿੱਚ ਫ਼ਸਾਦ ਪੈਦਾ ਹੋਏ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸੰਬੋਧਨ ਦੇ ਜੋ ਪ੍ਰਭਾਵ ਸਨ ਉਹ ਮੈਂ ਪੇਸ਼ ਕਰਦਾ ਹਾਂ ।

ਮੈਂਬਰ ਪਾਰਲੀਮੈਂਟ ਹਨ 'ਜੁਡੀ ਸੀਗਰੋ' ਉਹਨਾਂ ਨੇ ਕਿਹਾ ਇਮਾਮ ਜਮਾਤ ਦਾ ਇਹ ਸੰਬੋਧਨ ਇਹਨਾਂ ਨਸੀਹਤਾਂ ਨਾਲ ਭਰਪੂਰ ਸੀ ਕਿ ਅਸੀਂ ਕਿਵੇਂ ਤੀਜੇ ਵਿਸ਼ਵ ਯੁੱਧ ਤੋਂ ਬਚ ਸਕਦੇ ਹਾਂ । ਇਹ ਕਹਿੰਦੀ ਹਨ ਕਿ ਇਹ ਸੰਦੇਸ਼ ਜੋ ਇਸ ਸਮੇਂ ਦਿੱਤਾ ਗਿਆ ਹੈ ਇਹ ਸਾਰੀ ਦੁਨੀਆ ਵਿੱਚ ਤੱਕ ਪਹੁੰਚਾਉਣ ਦੀ ਲੋੜ ਹੈ ।

ਇਕ ਮੈਂਬਰ ਪਾਰਲੀਮੈਂਟ ਹਨ ਕਿਊਨਵਾਨ, ਉਹਨਾਂ ਨੇ ਕਿਹਾ ਕਿ ਸੰਖੇਪ ਸ਼ਬਦਾਂ ਵਿੱਚ ਅਨੇਕਾਂ ਵੀ ਵਿਸ਼ਿਆਂ ਉਪੱਰ ਚਾਨ੍ਹਣਾ ਪਾਇਆ ਹੈ । ਮੈਂ ਵਿਸ਼ੇਸ਼ ਰੂਪ ਵਿੱਚ ਇਸ ਗੱਲ ਤੋਂ ਪ੍ਰਭਾਵਤ ਹਾਂ ਕਿ ਇਮਾਮ ਜਮਾਤ ਨੇ ਆਪਣੇ ਸੰਬੋਧਨ ਵਿੱਚ ਕੁਰਆਨ ਕਰੀਮ ਦੇ ਅਨੇਕਾਂ ਹੀ ਹਵਾਲੇ ਪੇਸ਼ ਕੀਤੇ ਹਨ । ਇਸੇ ਪ੍ਰਕਾਰ ਇਸਰਾਈਲ ਦੇ ਸਫ਼ੀਰ (ਦੂਤ) ਵੀ ਓਥੇ ਮੌਜੂਦ ਸਨ ਇਹ ਕਹਿੰਦੇ ਹਨ ਕਿ ਅਮਨ ਲਈ ਮਹਤੱਵਪੂਰਨ ਸੰਦੇਸ਼ ਸੀ । ਅੱਜ ਇਸਲਾਮ ਬਾਰੇ ਮੇਰੀ ਸੋਚ ਬਦਲ ਗਈ ਹੈ ਅਤੇ ਇਸ ਦੀ ਕਦਰਦਾਨੀ ਵੀ

ਵੱਧ ਗਈ ਹੈ । ਇਸ ਖ਼ਤਾਬ (ਭਾਸ਼ਣ) ਨੂੰ ਪ੍ਰਕਾਸ਼ਤ ਕਰਨਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਂਣਾ ਚਾਹੀਦਾ ਹੈ ਅਤੇ ਜੇਕਰ ਲੋਕ ਇਸ ਸੰਦੇਸ਼ ਦੀ ਪੈਰ੍ਹਵੀ ਕਰਨ ਤਾਂ ਦੁਨੀਆ ਦੀਆਂ ਗੰਭੀਰ ਤੋਂ ਗੰਭੀਰ ਸਮੱਸਿਆਵਾਂ ਵੀ ਹਲ ਹੋ ਸਕਦੀਆਂ ਹਨ । ਮੈਨੂੰ ਇਸ ਸੰਬੋਧਨ ਵਿੱਚ ਸਹਿਨਸ਼ਕਤੀ ਦਾ ਪੱਖ ਬਹੁਤ ਪਸੰਦ ਆਇਆ ਅਤੇ ਇਹ ਕਿ ਸਾਰਿਆਂ ਲੋਕਾਂ ਦੇ ਹੱਕ ਪੂਰੇ ਕੀਤੇ ਜਾਣੇ ਚਾਹੀਦੇ ਹਨ ਭਾਵੇਂ ਉਹ ਮੁਸਲਮਾਨ ਹੈ ਜਾਂ ਯਹੂਦੀ ਹੈ, ਸਾਰਿਆਂ ਦੇ ਹੱਕ ਪੂਰੇ ਕੀਤੇ ਜਾਣੇ ਚਾਹੀਦੇ ਹਨ ।

ਮੈਂਬਰ ਪਾਰਲੀਮੈਂਟ ਨਕੋਲਾਡੀ ਓਰਯੋ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਬਹੁਤ ਚੰਗਾ ਭਾਸ਼ਣ ਸੀ ਜਿਸ ਵਿੱਚ ਸਾਰੀ ਦੁਨੀਆਂ ਦੀਆਂ ਸਮੱਸਿਆਵਾਂ ਨੂੰ ਸੰਖੇਪ ਵਿੱਚ ਪੇਸ਼ ਕੀਤਾ । ਆਪ ਨੇ ਧਰਮਾ ਦੇ ਪਿਛੋਕੜ ਵਿੱਚ ਦੁਨੀਆ ਦੀਆਂ ਸਮੱਸਿਆਂਵਾਂ ਉਪੱਰ ਪ੍ਰਕਾਸ਼ ਪਾਇਆ । ਜਮਾਤ ਅਹਮਦੀਆ ਇਕ ਜ਼ਬਰਦਸਤ ਜਮਾਤ ਹੈ ਅਤੇ ਧਾਰਮਕ ਤੰਜ਼ੀਮਾ ਲਈ ਇਕ ਉਧਾਰਣ ਹੈ । ਸਾਨੂੰ ਇਸ ਵੱਲ ਧਿਆਨ ਕੇਂਦਰਤ ਕੀਤਾ ਕਿ ਧਾਰਮਕ ਮਾਮਲਿਆਂ ਵਿੱਚ ਸਹਿਨਸ਼ੀਲਤਾ ਹੋਣੀ ਚਾਹੀਦੀ ਹੈ । ਸ਼ਾਇਦ ਹੀ ਮੈਂ ਇਸ ਤੋਂ ਚੰਗਾ ਕੋਈ ਐਡਰਸ ਸੁਣਿਆ ਹੋਵੇ । ਉਹਨਾਂ ਨੇ ਸਾਰੀਆਂ ਸਮੱਸਿਆਂਵਾਂ ਉਪੱਰ ਜਿੰਨ੍ਹਾ ਦਾ ਸਾਹਮਣਾ ਦੁਨੀਆ ਨੂੰ ਹੈ ਚਾਨ੍ਹਣਾ ਪਾਇਆ । ਕਹਿੰਦੇ ਹਨ ਕਿ ਮੈਨੂੰ ਇਸ ਪ੍ਰਗਾਮ ਵਿੱਚ ਸ਼ਾਮਲ ਹੋਕੇ ਬੇਹੱਦ ਖ਼ੁਸ਼ੀ ਹੋਈ ਕਿ ਕਿਸੇ ਨੂੰ ਅਮਨ ਉਪੱਰ ਗੱਲ ਕਰਨ ਵਾਲੇ ਨੂੰ ਸੁਣਿਆ ।

ਜਰਮਨ ਸਫ਼ੀਰ (ਦੂਤ) ਵਰਨਰ ਵੈਂਟ ਨੇ ਕਿਹਾ ਕਿ ਇਮਾਮ ਜਮਾਤ ਅਹਮਦੀਆ ਨੇ ਭਵਿੱਖ ਦਾ ਚਿਤੱਰ ਖਿੱਚਿਆ ਹੈ, ਅਸੀਂ ਸਾਰੇ ਵੀ ਅਜਿਹਾ ਹੀ ਸ਼ਾਂਤੀ ਭਰਪੂਰ ਭਵਿੱਖ ਚਾਹੁੰਦੇ ਹਾਂ । ਇਹਨਾਂ ਦੇ ਸੰਬੋਧਨ ਤੋਂ ਸਾਨੂੰ ਪਤਾ ਲੱਗਾ ਹੈ ਕਿ ਇਸਲਾਮ ਪੁਰ ਅਮਨ (ਸ਼ਾਂਤੀ ਭਰਪੂਰ) ਧਰਮ ਹੈ ਅਤੇ ਅਸੀਂ ਸਾਰੇ ਯੂਰੋਪ ਵਿੱਚ ਆਉਣ ਵਾਲਿਆਂ ਨਾਲ ਮਿਲਕੇ ਰਹਿ ਸਕਦੇ ਹਨ । ਇਸ ਭਾਸ਼ਣ ਦਾ ਸਭ ਤੋਂ ਮਹਤੱਵਪੂਰਨ ਸੰਦੇਸ਼ ਇਹ ਸੀ ਕਿ ਅਸੀਂ ਸਾਰਿਆਂ ਨੂੰ ਦੁਨੀਆ ਦੀ ਚੰਗਿਆਈ ਲਈ ਜਤਨ ਕਰਨਾ ਹੋਵੇਗਾ ਅਤੇ ਇਸ ਗੱਲ ਨੂੰ ਯਕੀਨੀ ਬਨਾਉਣਾ ਹੋਵੇਗਾ ਕਿ ਸਾਧਾਰਨ ਲੋਕਾਂ ਨੂੰ ਵਿਅਕਤੀਗੱਤ ਰੂਪ ਵਿੱਚ ਆਪਣਾ ਜੀਵਨ ਬਤੀਤ ਕਰਨ ਦੀ ਆਗਿਆ ਹੋਵੇ ।

ਪਾਰਲੀਮੈਂਟ ਹਿਲ ਦੀ ਮੀਡੀਆ ਕਵਰੈਜ ਜੋ ਹੋਈ, ਇਕ ਤਾਂ ਪਹਿਲਾਂ ਆਪ ਪ੍ਰਧਾਨ ਮੰਤਰੀ ਨੇ ਆਪਣੇ ਟਵੀਟ ਅਕਾਉਂਟ ਵਿੱਚ ਲਿੱਖਿਆ ਕਿ ਮੈਨੂੰ ਅੱਜ ਆਟਵਾ ਵਿੱਚ ਜਮਾਤ ਅਹਦੀਆ ਦੇ ਖ਼ਲੀਫ਼ਾ ਮਿਰਜ਼ਾ ਮਸਰੂਰ ਅਹਮਦ ਨੂੰ  ਮਿਲਕੇ ਖ਼ੁਸ਼ੀ ਹੋਈ ਅਤੇ ਨਾਲ ਹੀ ਫ਼ੋਟੋ ਵੀ ਦਿੱਤੀ ਉਹਨੰ ਨੇ ਅਤੇ ਫਿਰ ਇਹ ਟਵੀਟ ਚਲਦੀ ਰਹੀ । ਅਖ਼ਬਾਰਾਂ ਰਾਹੀਂ ਅਤੇ ਵੱਖ ਵੱਖ ਸਾਧਨਾ ਰਾਹੀਂ । ਫ਼ੰਗਸ਼ਨ ਦੀ ਖ਼ਬਰ ਲਗਭਗ ਸਾਢੇ ਚਾਰ ਮਿਲੀਯਨ ਲੋਕਾਂ ਤੱਕ ਪਹੁੰਚੀ । ਇਸੇ ਪ੍ਰਕਾਰ ਟੋਰੰਟੋ ਵਿੱਚ ਈਵਾਨੇ ਤਾਹਿਰ ਵਿੱਚ ਇਕ ਪੀਸ ਸਿੰਪੋਜ਼ੀਯਮ ਸੀ, ਜਿਸ ਵਿੱਚ **614** ਗ਼ੈਰ ਜਮਾਤ ਤੇ ਗ਼ੈਰ ਮੁਸਲਿਮ ਮਹਿਮਾਨ ਸ਼ਾਮਲ ਹੋਏ, ਜਿੰਨ੍ਹਾ ਵਿੱਚ ਵੱਖ ਵੱਖ ਖੇਤਰਾਂ ਦੇ ਮੇਅਰਜ਼, ਕੌਂਸਲਰਜ਼, ਅਖ਼ਬਾਰਾਂ ਦੇ ਪਤੱਰਕਾਰ, ਡਾਕਟਰਜ਼, ਪ੍ਰੋਫ਼ੈਸਰਜ਼, ਟੀਚਰਜ਼, ਵਕੀਲ ਅਤੇ ਜੀਵਨ ਦੇ ਵੱਖ ਵੱਖ ਵਿਭਾਗਾਂ ਨਾਲ ਸੰਬੰਧ ਰਖੱਣ ਵਾਲੇ ਲੋਕ ਸ਼ਾਮਲ ਸਨ ।

presbyterian church ਚਰਚ ਦੇ ਪਾਦਰੀ ਕਹਿੰਦੇ ਹਨ ਕਿ ਅੱਜ ਇਮਾਮ ਜਮਾਤ ਦੇ ਖ਼ਿਤਾਬ ਨਾਲ ਮੈਨੂੰ ਬਹੁਤ ਪ੍ਰਭਾਵ ਹੋਇਆ ਹੈ ਕਿਉਂਕਿ ਇਹ ਸੰਦੇਸ਼ ਅਮਨ, ਪ੍ਰੇਮ ਤੇ ਆਸ਼ਾ ਦਾ ਸੰਦੇਸ਼ ਸੀ ਜਿਸ ਦਾ ਰੰਗ, ਰੂਪ, ਨਸਲ, ਪੂਰਬ ਪਛੱਮ ਜਾਂ ਕਿਸੇ ਵਿਸ਼ੇਸ ਸਮੇਂ ਜਾਂ ਅਸਥਾਨ ਨਾਲ ਸੰਬੰਧ ਨਹੀਂ ਸੀ ਸਗੋਂ ਸਾਰੀ ਦੁਨੀਆ ਲਈ ਸੀ । ਇਸ ਖ਼ਿਤਾਬ ਦੀ ਮਹਤੱਾ ਇਹ ਵੀ ਹੈ ਕਿ ਦੁਨੀਆ ਵਿੱਚ ਬਹੁਤ ਸਾਰੀਆਂ ਗ਼ਲਤ ਫ਼ਹਿਮੀਆਂ ਅਤੇ ਖ਼ੌਫ਼ ਤੇ ਡਰ ਫੈਲਿਆ ਹੋਇਆ ਹੈ, ਪਰ ਅੱਜ ਦੇ ਇਸ ਸੰਦੇਸ਼ ਵਿੱਚ ਇਹ ਗੱਲ ਸਪਸ਼ਟ ਸੀ ਕਿ ਸਾਡੇ ਵਿੱਚ ਸਾਂਝੀਆਂ ਚੀਜ਼ਾਂ ਅਧਿਕ ਹਨ ਅਤੇ ਮਤਿਭੇਦ ਦੀਆਂ ਗੱਲਾਂ ਘੱਟ । ਇਹ ਇਕ ਬਹੁਤ ਵੱਡੀ ਖ਼ੁਸ਼ਖ਼ਬਰੀ ਹੈ ਜਿਸ ਨੂੰ ਲੋਕਾਂ ਨੂੰ ਸੁਨਣ ਦੀ ਲੋੜ ਹੈ ।

ਇਕ ਮਹਿਮਾਨ ਗਰੀਕ ਕੈਨੇਡੀ ਜਿੰਨ੍ਹਾ ਦੀ ਭੈਣ ਨੇ ਵਰਤਮਾਨ ਵਿੱਚ ਹੀ ਇਸਲਾਮ ਕੁਬੂਲ ਕੀਤਾ ਹੈ ਕਹਿੰਦੇ ਹਨ ਕਿ ਮੈਂ ਅੱਜ ਆਪਣੀ ਭੈਣ ਦੇ ਨਾਲ ਆਇਆ ਹਾਂ ਕਿਉਕਿ ਇਸ ਨੇ ਛੇਤੀ ਹੀ ਪਿਛੋਕੜ ਵਿੱਚ ਇਸਲਾਮ ਕੁਬੂਲ ਕੀਤਾ ਹੈ ਅਤੇ ਅਸੀਂ ਦੇਖਣਾ ਚਾਹੁੰਦੇ ਸੀ ਕਿ ਜਮਾਤ ਅਹਮਦੀਆ ਦੀਆਂ ਕੀ ਸਿੱਖਿਆਵਾਂ ਹਨ ਅਤੇ ਇਮਾਮ ਜਮਾਤ ਅਹਮਦੀਆ ਦਾ ਇਹ ਸੰਦੇਸ਼ ਸੁਣਕੇ

ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ ਕਿ ਮੇਰੀ ਭੈਣ ਐਨ੍ਹਾ ਪ੍ਰੇਮ ਕਰਨ ਵਾਲਿਆਂ ਅਤੇ ਸਾਥ ਦੇਣ ਵਾਲਿਆਂ ਅਤੇ ਲੋਕਾਂ ਦੀ ਸੇਵਾ ਕਰਨ ਵਾਲਿਆਂ ਲੋਕਾਂ ਵਿੱਚ ਸ਼ਾਮਲ ਹੋਈ ਹੈ । ਜੋ ਗੱਲਾਂ ਮੈਂ ਅੱਜ ਸਿੱਖੀਆਂ ਹਨ, ਮੈਂ ਉਹਨਾਂ ਤੋਂ ਬਹੁਤ ਖ਼ੁਸ਼ ਹਾਂ ।

ਇਕ ਸਾਹਬ ਜੋ ਪਾਰਲੀਮੈਂਟ ਵਿੱਚ ਸਨ, ਨਾਇਲ ਅਸੋਸੀਏਸ਼ਨ ਦੇ ਪ੍ਰਧਾਨ ਹਨ ਮਹਮੱਦੂਲ ਹਲਾਵਾ ਜੀ ਕਹਿੰਦੇ ਹਨ ਕਿ ਜੱਦ ਮੈਂ ਪਾਰਲੀਮੈਂਟ ਵਿੱਚ ਇਮਾਮ ਜਮਾਤ ਅਹਮਦੀਆ ਦਾ ਖ਼ਿਤਾਬ ਸੁਣਿਆਂ ਤਾਂ ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਪਾਰਲੀਮੈਂਟ ਵਿੱਚ ਇਸ ਢੰਗ ਨਾਲ ਕੋਈ ਮੁਸਲਮਾਨ ਰਹਿਨੁਮਾ (ਮਾਰਗ ਦਰਸ਼ਕ) ਇਸ ਪ੍ਰਕਾਰ ਸੰਬੋਧਨ ਕਰ ਸਕਦਾ ਹੈ । ਕੋਈ ਖ਼ੌਫ਼, ਕੋਈ ਡਰ, ਕੋਈ ਝਾਕਾ ਦਿਖਾਈ ਨਹੀਂ ਦਿੱਤਾ ਅਤੇ ਅਤਿਅੰਤ ਨਿਡਰ ਢੰਗ ਨਾਲ ਭਾਸ਼ਣ ਦਿੱਤਾ ਅਤੇ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਇਹੋ ਇਸਲਾਮ ਦਾ ਸਹੀ ਤੇ ਸਚੱਾ ਸੰਦੇਸ਼ ਹੈ । ਜੋ ਜੰਗਾ (ਜੁੱਧ) ਹੋ ਰਹੀਆਂ ਹਨ ਇਹਨਾ ਦੇ ਪਿੱਛੇ ਕੁਝ ਲੋਕ ਹਨ ਜੋ ਇਸ ਤੋਂ ਲਾਭ ਉਠਾ ਰਹੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਤੀਜਾ ਫ਼ੰਗਸ਼ਨ ਯਾਰਕ ਯੂਨੀਵਰਸਿਟੀ ਵਿੱਚ ਹੋਇਆ । ਯਾਰਕ ਯੂਨੀਵਰਸਿਟੀ ਦੀ ਗਿਣਤੀ ਕੈਨੇਡਾ ਦੀਆਂ ਵੱਡੀਆਂ ਯੂਨੀਵਰਸਿਟੀਜ਼ ਵਿੱਚ ਹੁੰਦਾ ਹੈ । ਇਸ ਵਿੱਚ ਗਿਆਰ੍ਹਾਂ (11) ਫ਼ੈਕਲਟੀਜ਼ ਹਨ । ਮੇਨ ਕੈਂਪਸ ਵਿੱਚ 53 ਹਜ਼ਾਰ ਤੋਂ ਵੱਧ ਵਿਦਿਆਰਥੀ ਸਿੱਖਿਆ ਲੈ ਰਹੇ ਹਨ । ਇਸ ਯੂਨੀਵਰਸਿਟੀ ਵਿੱਚ ਅਧਿਆਪਕਾਂ ਦੀ ਗਿਣਤੀ ਸੱਤ ਹਜ਼ਾਰ ਦੇ ਲਗਭਗ ਹੈ । ਇਸ ਯੂਨੀਵਰਸਿਟੀ ਤੋਂ ਹੁਣ ਤੱਕ ਲਗਭਗ ਤਿੰਨ ਲੱਖ ਵਿਦਿਆਰਥੀ ਵਿਦਿਆ ਪੂਰੀ ਕਰ ਚੁਕੇ ਹਨ । ਕੈਨੇਡਾ ਦੀ ਤੀਜੀ ਵੱਡੀ ਯੂਨੀਵਰਸਿਟੀ ਹੈ । ਇਸ ਵਿੱਚੋਂ ਇਕ ਵਿਆਿਰਥਨ ਸੇਰਲ ਕ੍ਰਿਸ ਕਹਿੰਦੀ ਹਨ ਕਿ ਬਹੁਤ ਹੀ ਚੰਗਾ ਮੌਕਾ ਸੀ ਜਿਸ ਵਿੱਚ ਸਾਨੂੰ ਸਾਰਿਆਂ ਨੂੰ ਇਸਲਾਮ ਦੀਆਂ ਕੁਝ ਵਾਸਤਵਿਕ ਸਿੱਖਿਆਵਾਂ ਦੀ ਜਾਣਕਾਰੀ ਮਿਲੀ । ਹੁਣ ਮੈਨੂੰ ਇਸਲਾਮ ਦਾ ਕੁਝ ਗਿਆਨ ਹਾਸਲ ਹੋ ਗਿਆ ਹੈ ।

ਫਿਰ ਸਿਸਕਾਟੋਨ ਅਸੀਂ ਗਏ ਸੀ ਓਥੇ ਵੀ ਪ੍ਰੈਸ ਕਾਂਨਫ਼੍ਰੰਸਾਂ ਹੋਈਆਂ ਜਮਾਤੀ ਪ੍ਰੋਗਰਾਮ ਵੀ ਸਨ ਰੇਡੀਓ ਅਤੇ ਪ੍ਰੈਸ ਰਾਹੀਂ ਸਾਮੂਹਿਕ ਰੂਪ ਵਿੱਚ 1.78 ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਫਿਰ ਮਸਜਿਦ ਮਹਮੂਦ ਰਜਾਈਨਾ ਦਾ ਉਧਘਾਟਨ ਸੀ । ਓਥੇ ਵੀ ਮਸਜਿਦ ਦੇ ਹਵਾਲੇ ਨਾਲ ਇਕ ਹੋਟਲ ਵਿੱਚ ਰਿਸੈਪਸ਼ਨ ਸੀ ਜਿਸ ਵਿੱਚ ਦੋ ਸੌ ਮਹਿਮਾਨ ਸ਼ਾਮਲ ਹੋਏ ਇਸ ਵਿੱਚ ਸਿਸਕਾਟੋਨ ਸੂਬੇ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਰਜਾਈਨਾ ਸਿਟੀ ਦੇ ਮੇਅਰਜ਼, ਮਨਿਸਟਰ ਫ਼ਾਰ ਪਬਲਿਕ ਸੇਫ਼ਟੀ, ਐਪੋਜ਼ੀਸ਼ਨ ਦੇ ਡਿਪਟੀ ਹਾਉਸ ਲੀਡਰ, ਨੇੜਲੇ ਸ਼ਹਿਰਾਂ ਦੇ ਵਰਤਮਾਨ ਤੇ ਸਾਬਕਾ ਮੇਅਰਜ਼, ਯੂਨੀਵਰਸਿਟੀ ਆਫ਼ ਸਿਸਕਾ ਚਵਾਨ ਦੇ ਪ੍ਰਧਾਨ ਅਤੇ ਉਪ ਪ੍ਰਧਾਨ, ਯੂਨੀਵਰਸਿਟੀ ਆਫ਼ ਰਜਾਈਨਾ ਦੇ ਰਿਲੀਜੀਅਸ ਸਟਡੀਜ਼ ਦੇ ਡਿਪਾਰਟਮੈਂਟ ਦੇ ਹੈਡ ਪ੍ਰੋਫ਼ੈਸਰਜ਼, ਪਾਦਰੀਜ਼, ਪੁਲਿਸ ਚੀਫ਼ ਅਤੇ ਜੀਵਨ ਦੇ ਹੋਰਨਾ ਵਿਭਾਗਾਂ ਨਾਲ ਸੰਬੰਧ ਰਖੱਣ ਵਾਲੇ ਮਹਿਮਾਨ ਸ਼ਾਮਲ ਸਨ ।

ਧਾਰਮਕ ਸਿੱਖਿਆ ਦੇ ਇਕ ਪ੍ਰੋਫ਼ੈਸਰ ਸਾਹਬ ਰਜਾਈਨਾ ਮਸਜਿਦ ਦੇ ਉਧਘਾਟਨ ਸਮੇਂ ਐਡਰਸ ਸੁਨਣ ਦੇ ਬਾਦ ਕਹਿੰਦੇ ਹਨ ਕਿ ਅਤਿਅੰਤ ਗਿਆਨ ਭਰਪੂਰ ਤੇ ਮਨ ਖਿਚੱਵਾਂ ਭਾਸ਼ਣ ਸੀ । ਉਹਨਾਂ ਸਾਰਿਆਂ ਭਾਸ਼ਣਾ ਵਿੱਚੋਂ ਸਰਬ ਉਤੱਮ ਸੀ ਜੋ ਮੈਂ ਧਾਰਮਕ ਸਿੱਖਿਆ ਦਾ ਪ੍ਰੋਫ਼ੈਸਰ ਹੋਣ ਦੇ ਰੂਪ ਵਿੱਚ ਸੁਣੇ ਹਨ ।

ਸਿਸਕਾ ਚਵਾਨ ਦੇ ਲੀਡਰ ਆਫ਼ ਆਪੋਜ਼ੀਸ਼ਨ (Trent Wotherspoon) ਕਹਿੰਦੇ ਹਨ ਕਿ ਅੱਜ ਦਾ ਸਮਾਰੋਹ ਇਕ ਸੁੰਦਰ ਸਮਾਰੋਹ ਸੀ । ਇਮਾਮ ਜਮਾਤ ਅਹਮਦੀਆ ਦਾ ਸੰਦੇਸ਼ ਸ਼ਕਤੀਸ਼ਾਲੀ ਤੇ ਜ਼ਰੂਰੀ ਸੰਦੇਸ਼ ਸੀ । ਜਿਸ ਨੇ ਸਾਡੇ ਧਰਮ ਵਿੱਚ ਕਿਸੇ ਹੱਦ ਤੱਕ ਸਮਾਨ ਗਲੱਾਂ ਨੂੰ ਚਿੰਨ੍ਹਿਤ ਕੀਤਾ ਹੈ । ਇਮਾਮ ਜਮਾਤ ਅਹਮਦੀਆ ਦਾ ਸੰਦੇਸ਼ ਕਿ ਅਸੀਂ ਦੂਜਿਆਂ ਲਈ ਉਹੋ ਪਸੰਦ ਕਰੀਏ ਜੋ ਅਸੀਂ ਆਪਣੇ ਲਈ ਪਸੰਦ ਕਰਦੇ ਹਾਂ, ਸਾਡੇ ਸਰਿਆਂ ਲਈ ਮਹਤੱਵਪੂਰਨ ਹੈ । ਇਮਾਮ ਜਮਾਤ ਨੇ ਉਹਨਾਂ ਕਦਰਾਂ ਕੀਮਤਾਂ ਨੂੰ ਚਿੰਨ੍ਹਿਤ ਕੀਤਾ ਹੈ ਜਿਸ ਉਪੱਰ ਸਾਨੂੰ ਸਾਰਿਆਂ ਨੂੰ ਚਲੱਣ ਦਾ ਜਤਨ ਕਰਨਾ ਚਾਹੀਦਾ ਹੈ । ਇਹ ਕਦਰਾਂ ਨ ਕੇਵਲ ਸਾਡੇ ਸ਼ਹਿਰ ਰਜਾਈਨਾ ਜਾਂ ਸਾਡੇ ਪ੍ਰਾਂਤ ਸਿਸਕਾ ਚਵਾਨ ਨੂੰ ਮਜ਼ਬੂਤ ਕਰਨ ਲਈ ਸਗੋਂ ਸਾਡੇ ਦੇਸ਼ ਅਤੇ ਸਾਰੀ ਦੁਨੀਆ ਨੂੰ ਮਜ਼ਬੂਤ ਕਰਨ ਲਈ ਵੀ ਹੈ ।

ਫਿਰ ਰਜਾਈਨਾ ਵਿੱਚ ਮਸਜਿਦ ਦੇ ਉਧਘਾਟਨ ਦੇ ਬਾਦ ਮੀਡੀਆ ਦੀ ਕਵਰੈਜ ਹੋਈ । ਵੱਖ ਵੱਖ ਟੀਵੀ ਤੇ ਅਖਬਾਰਾਂ ਨਾਲ ਪ੍ਰੈਸ ਕਾਂਨਫ਼੍ਰੈਂਸ ਵੀ ਹੋਈ । ਅਤੇ ਵਿਅਕਤੀਗੱਤ ਇੰਟਰਵੀਉਜ਼ ਵੀ ਹੋਏ । ਟੀ.ਵੀ. ਰੇਡੀਓ ਅਤੇ ਅਖ਼ਬਾਰਾਂ ਦੇ ਲਗਭਗ ਛੇ ਸੱਤ

ਪ੍ਰੈਸ ਮੀਡੀਆ ਦੇ ਵੱਖ ਵੱਖ ਲੋਕ ਸਨ । ਇਸ ਪ੍ਰਕਾਰ ਰਜਾਈਨਾ ਦੀ ਮਸਜਿਦ ਦੇ ਉਧਘਾਟਨ ਕਰਕੇ ਅਤੇ ਪ੍ਰੈਸ ਕਾਨਫ਼੍ਰੈਂਸ ਦੇ ਸਿੱਟੇ ਵੱਜੋਂ 1.97 ਮਿਲੀਯਨ ਲੋਕਾਂ ਤੱਕ ਇਸਲਾਮ ਦਾ ਸੰਦੇਸ਼ ਪਹੁੰਚਿਆ । ਇਸੇ ਪ੍ਰਕਾਰ ਲਾਇਡ ਮਨਿਸਟਰ ਮਸਜਿਦ ਬੈਤੁਲ ਅਮਾਨ ਦਾ ਉਧਘਾਟਨ ਹੋਇਆ । ਇਹ ਇਕ ਛੋਟੀ ਜਿਹੀ ਥਾਂ ਹੈ । ਓਥੋਂ ਦੀ ਰਿਸੈਪਸ਼ਨ ਵਿੱਚ 49 ਗ਼ੈਰ ਜਮਾਤ ਲੋਕਾਂ ਨੇ ਭਾਗ ਲਿਆ, ਜਿਸ ਵਿਚ ਸਿਸਕਾ ਚਵਾਨ ਦੀ ਅਸੈਂਬਲੀ ਦੇ ਮੈਂਬਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ, ਨਵੇਂ ਚੁਣੇ ਗਏ ਮੇਅਰ ਅਤੇ ਨੇੜਲੇ ਖੇਤਰਾਂ ਦੇ ਮੇਅਰਜ਼, ਡਿਪਟੀ ਮੇਅਰਜ਼, ਕੌਂਸਲਰਜ਼, ਪ੍ਰੋਫ਼ੈਸਰਜ਼, ਟੀਚਰਜ਼, ਪਤੱਰਕਾਰ ਅਤੇ ਹੋਰਨਾ ਵਿਭਾਗਾਂ ਨਾਲ ਸੰਬੰਧ ਰਖੱਣ ਵਾਲੇ ਲੋਕ ਸ਼ਾਮਲ ਸਨ ।

ਸਾਬਕਾ ਮਨਿਸਟਰ ਫ਼ਾਰ ਇਮੀਗ੍ਰੇਸ਼ਨ ਐਂਡ ਡਿਫ਼ੈਂਸ ਜੇਸਨ ਕੈਂਨੀ (Jason Kenney) ਇਹਨਾਂ ਦੇ ਪੁਰਾਣੇ ਸੰਬੰਧ ਹਨ ਜਮਾਤ ਅਹਮਦੀਆ ਨਾਲ ਅਤੇ ਮੇਰੇ ਨਾਲ ਵੀ ਵਿਅਕਤੀਗੱਤ ਰੂਪ ਵਿੱਚ ਉਹਨਾਂ ਦਾ ਸੰਬੰਧ ਹੈ । ਕਹਿੰਦੇ ਹਨ ਕਿ ਜਮਾਤ ਅਹਮਦੀਆ ਇਕ ਛੋਟੀ ਜਿਹੀ ਜਮਾਤ ਹੈ ਪਰ ਬਹੁਤ ਵੱਧ ਚੜ੍ਹਕੇ ਕੰਮ ਕਰਦੀ ਹੈ ਅਤੇ ਇਸਲਾਮ ਦਾ ਰੌਸ਼ਨ ਚਿਹਰਾ ਦੁਨੀਆ ਦੇ ਸਾਹਮਣੇ ਪੇਸ਼ ਕਰ ਰਹੀ ਹੈ । ਕਹਿੰਦੇ ਹਨ ਅੱਜ ਦੇ ਭਾਸ਼ਣ ਵਿੱਚ ਇਮਾਮ ਜਮਾਤ ਅਹਦੀਆ ਨੇ ਉਹਨਾਂ ਸਾਰੇ ਨਕਾਰਾਤਮਕ ਕਲਪਨਾਵਾਂ ਦਾ ਉਤੱਰ ਦਿੱਤਾ ਹੈ ਜੋ ਲੋਕਾਂ ਦੇ ਮਨਾਂ ਵਿੱਚ ਇਸਲਾਮ ਤੇ ਮਸਜਿਦ ਬਾਰੇ ਆ ਸਕਦੇ ਹਨ ।

ਸਮਾਰੋਹ ਵਿੱਚ ਸ਼ਾਮਲ ਇਕ ਮਹਿਮਾਨ ਜਾਨ ਗੁਰ ਮਿਲੇ ਕਹਿੰਦੇ ਹਨ ਕਿ ਜੱਦ ਵੀ ਕੋਈ ਦਹਿਸ਼ਤ ਗਰਦੀ ਦਾ ਮਾਮਲਾ ਹੁੰਦਾ ਹੈ ਤਾਂ ਜਮਾਤ ਅਹਮਦੀਆ ਹੀ ਸਭ ਤੋਂ ਪਹਿਲਾਂ ਆਪੋ ਵਿੱਚ ਸੰਬੰਧਾ ਨੂੰ ਵਧਾਉਣ ਅਤੇ ਵੱਖ ਵੱਖ ਧਰਮਾ ਨੂੰ ਇਕਤੱਰ ਕਰਨ ਦਾ ਜਤਨ ਕਰਦੀ ਹੈ । ਇਮਾਮ ਜਮਾਤ ਅਹਮਦੀਆ ਨੇ ਇਹ ਵੀ ਸੰਦੇਸ਼ ਦਿੱਤਾ ਹੈ ਕਿ ਵਤਨ ਨਾਲ ਪ੍ਰੇਮ ਈਮਾਨ ਦਾ ਹਿਸੱਾ ਹੈ ਇਹ ਇਸਲਾਮ ਦੀ ਸਿੱਖਿਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : 11 ਨਵੰਬਰ ਨੂੰ ਜੁਮਏ ਦੇ ਬਾਦ ਪੀਸ ਸਿੰਪੋਜ਼ੀਯਮ ਸੀ । ਇਸ ਵਿੱਚ ਲਗਭਗ 644 ਮਹਿਮਾਨਾਂ ਨੇ ਭਾਗ ਲਿਆ ਅਤੇ ਇਹਨਾਂ ਮਹਿਮਾਨਾਂ ਵਿੱਚ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜੋ ਹੁਣੇ ਹੀ ਕੁਝ ਮਹੀਨੇ ਪਹਿਲਾਂ ਹਟੇ ਹਨ ਅਤੇ ਨਵੇਂ ਪ੍ਰਧਾਨ ਮੰਤਰੀ ਵੀ ਸ਼ਾਮਲ ਹੋਏ । ਅਲਬਰਟਾ ਦੇ ਮਨਿਸਟਰ ਫ਼ਾਰ ਹਿਯੂਮੈਂਨ ਸਰਵਿਸਜ਼ ਸ਼ਾਮਲ ਹੋਏ । ਕੈਲਗਿਰੀ ਦੇ ਸਾਬਕਾ ਤੇ ਵਰਤਮਾਨ ਮੇਅਰ ਸ਼ਾਮਲ ਹੋਏ । ਸਾਬਕਾ ਮੰਤਰੀ ਜੇਸਨ ਕੈਂਨੀ ਜਿੰਨ੍ਹਾ ਦਾ ਵਰਨਣ ਪਹਿਲਾਂ ਹੋ ਚੁਕਿਆ ਹੈ ਉਹ ਵੀ ਏਥੇ ਆਏ । ਯੂਨੀਵਰਸਿਟੀ ਆਫ਼ ਕੈਲਗਿਰੀ ਦੇ ਡੀਨ ਅਤੇ ਵਾਇਸਿ ਚਾਂਸਲਰ ਵੀ ਆਏ । ਕੁਝ ਨੇੜਲੇ ਖੇਤਰਾਂ ਦੇ ਮੇਅਰਜ਼ ਅਤੇ ਡਿਪਟੀ ਮੇਅਰਜ਼ ਵੀ ਆਏ । ਰੈਡ ਡੀਅਰ ਕਾਲਜ ਦੇ ਪ੍ਰੈਜ਼ੀਡੈਂਟ, ਲੇਜਿਲੇਟਿਵ ਅਸੈਂਬਲੀ (legislative assembly) ਦੇ ਮੈਂਬਰਜ਼ ਅਤੇ ਵੱਖ ਵੱਖ ਵਿਭਗਾਂ ਨਾਲ ਸੰਬੰਧ ਰਖੱਣ ਵਾਲੇ ਲੋਕ ਸ਼ਾਮਲ ਹੋਏ ਅਤੇ ਛੇ ਸੌ ਤੋਂ ਵੱਧ ਹਾਜ਼ਰੀ ਸੀ ।

ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ (Stephen Harper) ਨੇ ਏਥੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਮੈਂ ਇਮਾਮ ਜਮਾਤ ਅਹਮਦੀਆ ਨੂੰ ਵੱਖ ਵੱਖ ਥਾਵਾਂ ਉਪੱਰ ਖ਼ਿਤਾਬ ਕਰਦਿਆਂ ਹੋਇਆਂ ਸੁਣਿਆ ਹੈ ਅਤੇ ਉਹਨਾਂ ਨੇ ਹਮੇਸ਼ਾ ਇਸਲਾਮ ਦਾ ਸ਼ਾਂਤੀ ਭਰਪੂਰ ਸੰਦੇਸ਼ ਦੁਨੀਆ ਤੱਕ ਪਹੁੰਚਾਇਆ ਹੈ । ਇਹ ਇਕ ਮਹਾਨ ਸੰਦੇਸ਼ ਹੈ ਜੋ ਇਹਨਾਂ ਦੀ ਜਮਾਤ ਦੇ ਸਾਰਿਆਂ ਮੈਂਬਰਾਂ ਦਾ ਪ੍ਰਤੀਬਿੰਬ ਵੀ ਹੈ । ਇਮਾਮ ਜਮਾਤ ਅਹਮਦੀਆ ਦੇ ਰਿਮਾਰਕਸ ਬਹੁਤ ਜ਼ਰੂਰੀ ਤੇ ਮਹਤੱਵਪੂਰਨ ਹਨ । ਹਰ ਇਕ ਨੂੰ ਇਹਨਾਂ ਨੂੰ ਸੁਨਣ ਦੀ ਲੋੜ ਹੈ । ਖ਼ਲੀਫ਼ਾਤੁਲ ਮਸੀਹ ਨੇ ਕਿਹਾ ਕਿ ਇਸਲਾਮ ਦਾ ਅਰਥ ਹੀ ਅਮਨ ਹੈ । ਇਸਲਾਮ ਦਾ ਅਰਥ ਰੱਬ ਅਤੇ ਉਸ ਦੀ ਮਖ਼ਲੂਕ ਨਾਲ ਪ੍ਰੇਮ ਕਰਨਾ ਹੈ । ਇਮਾਮ ਜਮਾਤ ਨੇ ਸਾਰਿਆਂ ਮਸਲਿਆਂ ਉਪੱਰ ਵਿਸ਼ੇਸ਼ ਕਰਕੇ ਮੱਧ ਏਸ਼ੀਆ ਦੇ ਵਿਸ਼ਿਆਂ ਉਪੱਰ ਯੁਕਤੀ ਭਰਪੂਰ ਚਾਨ੍ਹਣਾ ਪਾਇਆ ਹੈ । ਮੈਂ ਉਹਨਾਂ ਸਾਰਿਆਂ ਲੋਕਾਂ ਨੂੰ ਇਸ ਗੱਲ ਦੀ ਤਲਕੀਨ ਕਰਾਂਗਾ ਕਿ ਜੇਕਰ ਉਹਨਾਂ ਨੇ ਇਮਾਮ ਜਮਾਤ ਦਾ ਖ਼ਿਤਾਬ ਨਹੀਂ ਸੁਣਿਆਂ ਤਾਂ ਉਹ ਅਵਸ਼ ਸੁਣਨ ।

ਫਿਰ ਕਿਲੇ ਸਾਹਿਬਾ ਇਕ ਇਸਤਰੀ ਹਨ ਕਹਿੰਦੀ ਹਨ ਕਿ ਮੈਂ ਸੋਚ ਵੀ ਨਹੀਂ ਸਕਦੀ ਸੀ ਕਿ ਮੈਂ ਕਿੰਨ੍ਹੇ ਮਹਤੱਵਪੂਰਨ ਪ੍ਰੋਗਰਾਮ ਵਿੱਚ ਭਾਗ ਲੈਂਣ ਜਾ ਰਹੀ ਹਾਂ । ਕਹਿੰਦੀ ਹਨ ਕਿ ਮੈਂ ਤਾਂ ਕੇਵਲ ਆਪਣੇ ਇਕ ਮਿਤੱਰ ਨੂੰ ਖ਼ੁਸ਼ ਕਰਨ ਆਈ ਸੀ, ਜਿਸ

ਨੇ ਮੈਨੂੰ ਸਦਾ ਦਿਤਾ ਸੀ ਕਿ ਜ਼ਰੂਰ ਆਉਣਾ । ਪਰ ਮੈਂ ਬਹੁਤ ਹੀ ਖ਼ੁਸ਼ ਹਾਂ ਕਿ ਮੈਂ ਆ ਗਈ । ਮੈਂ ਕਦੇ ਵੀ ਅਜਿਹਾ ਪ੍ਰੋਗਰਾਮ ਨਹੀਂ ਦੇਖਿਆ ਜਿਸ ਵਿੱਚ ਹਰ ਪਾਸਿਓਂ ਸਕਾਰਾਤਮਕ ਸੋਚ ਹੋਵੇ ਅਤੇ ਜਮਾਤ ਅਹਮਦੀਆ ਦੇ ਇਮਾਮ ਦਾ ਸੰਦੇਸ਼ ਬਹੁਤ ਆਲਾ ਤੇ ਉਚੱਤਮ ਹੈ । ਮੇਰੇ ਜਿਹੇ ਘੱਟ ਗਿਆਨ ਰਖੱਣ ਵਾਲੇ ਨੂੰ ਵੀ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਗਈ ਕਿ ਇਸਲਾਮ ਅਜਿਹਾ ਧਰਮ ਹੈ ਕਿ ਹਰ ਕੌਮ, ਜਾਤੀ, ਧਰਮ ਤੇ ਨਸਲ ਨੂੰ ਜੀ ਆਇਆਂ ਨੂੰ ਕਹਿੰਦਾ ਹੈ । ਜਿਸ ਕਰਕੇ ਸਾਨੂੰ ਉਕੱਾ ਹੀ ਇਸਲਾਮ ਤੋਂ ਡਰਨ ਦੀ ਲੋੜ ਨਹੀਂ । ਲੋੜ ਹੈ ਤਾਂ ਇਸ ਗੱਲ ਦੀ ਕਿ ਅਸੀਂ ਮੁਸਲਮਾਨਾਂ ਨੂੰ ਚੰਗੀ ਤਰ੍ਹਾਂ ਜਾਨਣ ਦਾ ਜਤਨ ਕਰੀਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਾਮੂਹਿਕ ਰੂਪ ਵਿੱਚ ਕੈਲਗਿਰੀ ਵਿੱਚ ਜੋ ਇੰਟਰਵੀਊਜ਼ ਤੇ ਪ੍ਰੈਸ ਕਾਨਫ਼੍ਰੈਂਸ ਆਦਿ ਹੋਈਆਂ ਹਨ ਇਸ ਰਾਹੀਂ ਪੰਜ ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ ਹੈ । ਕੈਨੇਡਾ ਦੇ ਦੌਰੇ ਸਮੇਂ ਸਾਮੂਹਿਕ ਰੂਪ ਵਿੱਚ ਜੋ ਮੀਡੀਆ ਕਵਰੈਜ ਹੋਈ, ਇਸ ਵਿੱਚ 32 ਟੀ.ਵੀ. ਚੈਨਲਜ਼ ਨੇ ਪੰਜ ਭਾਸ਼ਾਵਾਂ ਵਿੱਚ ਖ਼ਬਰਾ ਨਸ਼ਰ ਕੀਤੀਆਂ, ਜਿੰਨ੍ਹਾ ਰਾਹੀਂ ਚਾਲ੍ਹੀ ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਛੇ ਭਾਸ਼ਾਵਾਂ ਵਿੱਚ ਵੱਖ ਵੱਕ ਰੇਡੀਓ ਸਟੇਸ਼ੰਜ਼ ਉਪੱਰ ਤੀਹ ਖ਼ਬਰਾ ਪ੍ਰਸਾਰਤ ਹੋਈਆਂ ਅਤੇ ਇਹਨਾਂ ਰਾਹੀਂ ਅੱਠ ਲੱਖ ਲੋਕਾਂ ਤੱਕ ਸੰਦੇਸ਼ ਪਹੁੰਚਿਆ । 227 ਅਖ਼ਬਾਰਾਂ ਵਿੱਚ ਬਾਰ੍ਹਾਂ ਵੱਖ ਵੱਖ ਭਾਸ਼ਾਵਾਂ ਵਿੱਚ ਖ਼ਬਰਾਂ ਤੇ ਇੰਟਰਵੀਊ ਪ੍ਰਕਾਸ਼ਤ ਹੋਏ ਜਿੰਨ੍ਹਾ ਰਾਹੀਂ 4.8 ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਇਸ ਪ੍ਰਕਾਰ ਸਾਮੂਹਿਕ ਰੂਪ ਵਿੱਚ ਸੱਠ ਮਿਲੀਯਨ ਤੋਂ ਵੱਧ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਅਲਹਮਦੁਲਿਲੱਾਹ ।

ਸੋ, ਇਹ ਰੱਬ ਦੀਆਂ ਮਿਹਰਾਂ ਹਨ ਅਤੇ ਇਹਨਾਂ ਮਿਹਰਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਹੈ ਅਤੇ ਇਹਨਾਂ ਨੂੰ ਸੰਭਾਲਣਾ ਚਾਹੀਦਾ ਹੈ ਅਤੇ ਵਿਸ਼ੇਸ਼ ਰੂਪ ਵਿੱਚ ਕੈਨੇਡਾ ਦੇ ਅਹਮਦੀਆਂ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਰੱਬ ਦੀਆਂ ਮਿਹਰਾਂ ਹੋਰ ਵਧੱਣ । ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਸਾਡੇ ਹਰ ਕੰਮ ਵਿੱਚ ਅਹਮਦੀਅਤ ਅਤੇ ਹਕੀਕੀ ਇਸਲਾਮ ਦਾ ਸੰਦੇਸ਼ ਪਹੁੰਚਾਉਣ ਦੀ ਨੀਯਤ ਹੋਣੀ ਚਾਹੀਦੀ ਹੈ । ਤੌਹੀਦ ਨੂੰ ਦੁਨੀਆ ਵਿੱਚ ਕਾਇਮ ਕਰਨ ਦੀ ਨੀਯਤ ਹੋਣੀ ਚਾਹੀਦੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਝੰਡੇ ਨੂੰ ਦੁਨੀਆ ਵਿੱਚ ਲਹਿਰਾਉਣ ਦੀ ਨੀਯਤ ਹੋਣ ਚਾਹੀਦੀ ਹੈ । ਜੇਕਰ ਇਹ ਹੋਵੇਗਾ ਤਾਂ ਅਲੱਾਹ ਸਾਡੇ ਕੰਮਾ ਵਿੱਚ ਬਰਕਤ ਵੀ ਦੇਵੇਗਾ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਵੀ ਪ੍ਰਦਾਨ ਕਰੇ । ਹੁਣ ਮੈਂ ਪੀਸ ਵਿਲੈਜ ਦੇ ਅਹਮਦੀਆਂ ਨੂੰ ਵੀ ਕਹਿੰਦਾ ਹਾਂ ਕਿ ਆਪਣਾ ਅਹਮਦੀ ਵਾਤਾਵਰਣ ਓਥੇ ਪੈਦਾ ਕਰੋ ਅਤੇ ਸਥਾਪਤ ਕਰੋ ਅਤੇ ਵੱਧ ਤੋਂ ਵੱਧ ਜਤਨ ਕਰੋ ਕਿ ਸਹੀ ਤੇ ਸੁੱਚੇ ਇਸਲਾਮ ਦਾ ਨਮੂਨਾ ਕਾਇਮ ਕਰਨ ਵਾਲੇ ਤੁਸੀਂ ਹੋਵੋ ਅਤੇ ਖ਼ਿਲਾਫ਼ਤ ਨਾਲ ਪ੍ਰੇਮ ਤੇ ਵਫ਼ਾਦਾਰੀ ਦਾ ਪ੍ਰਗਟਵਾ ਜਿਵੇਂ ਮੇਰੇ ਹੁੰਦਿਆਂ ਹੋਇਆਂ ਕਰਦੇ ਰਹੇ ਮੇਰੇ ਬਾਦ ਵੀ ਇਸ ਵਿੱਚ ਵਾਧਾ ਕਰਨ ਵਾਲੇ ਹੋਵੋ ਅਤੇ ਅੱਗੇ ਵਧੱਦੇ ਚਲੇ ਜਾਓ ਅਤੇ ਆਪਣੇ ਅਸਲ ਮੰਤਵ ਨੂੰ ਕਦੇ ਨ ਭੁੱਲੋ ਕਿ ਅਸੀਂ ਰੱਬ ਨਾਲ ਸੰਬੰਧ ਬਨਾਉਣਾ ਹੈ ਅਤੇ ਉਸ ਦੀ ਇਬਾਦਤ ਵਿੱਚ ਕਦੇ ਵੀ ਸੁਸਤ ਨਹੀਂ ਹੋਣਾ ਚਾਹੀਦਾ । ਅਲੱਾਹ ਤਆਲਾ ਉਹਨਾਂ ਨੂੰ ਵੀ, ਆਪ ਨੂੰ ਵੀ, ਮੈਨੂੰ ਵੀ ਅਤੇ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 18.11.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131